(i) Printed Pages : 4] Roll No. ................................

(ii) Questions : 6] **Sub. Code : 0 4 0 7**

**Exam. Code : 0 0 0 5**

## B.A./B.Sc. (General) 5th Semester Examination

# 1127

## PUNJABI

### Paper : Elective

**Time : 3 Hours]** **[Max. Marks : 90**

*Note* :– (i) ਸਾਫ ਤੇ ਸਪਸ਼ਟ ਲਿਖੋ।

(ii) ਵੱਖ-ਵੱਖ ਭਾਗਾਂ ਵਾਲੇ ਸਾਰੇ ਸਵਾਲ ਇੱਕਠੇ ਹੱਲ ਕਰੋ।

1. (ੳ) ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

(i) ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ।।
ਝੂਠੀ ਦੁਨੀਆਂ ਲਗਿ ਨ ਆਪੁ ਵਞਾਈਐ ।।
ਬੋਲੀਐ ਸੱਚ ਧਰਮ ਝੂਠੁ ਨਾ ਬੋਲੀਐ ।।
ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ ।।

(ii) ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ।।
ਈਹਾ ਸੁਖ ਨਹੀ ਦਰਗਹ ਢੋਈ ਜਮਪੁਰਿ ਜਾਇ ਪਚਾਵੈ ।।

ਨਿੰਦਕਿ ਅਹਿਲਾ ਜਨਮੁ ਗਵਾਇਆ ।।

ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ।।

(ਅ) ਕਿਸੇ ਇੱਕ ਕਵਿਤਾ ਦਾ ਵਿਸ਼ਾ-ਵਸਤੂ ਲਿਖੋ : 10

(i) ਮਤਿ ਦੇਖ ਭੂਲਾ ਵੀਸਰੈ

(ii) ਸੁਭਿ ਅਮਲਾ ਬਾਝਹੁ ਦੋਨੋ ਰੋਈ

2. (ੳ) ਨਾਟਕ 'ਮੁਇਆਂ ਸਾਰ ਨ ਕਾਈ' ਦੇ ਆਧਾਰ 'ਤੇ ਕਿਸੇ ਇੱਕ ਵਾਰਤਾਲਾਪ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

(i) ''ਮੈਨੂੰ ਪੰਜਾਬ ਕੌਣ ਜਾਣ ਦੇਵੇਗਾ ? ਏਸ ਹੋਟਲ ਉੱਤੇ ਮੇਰੇ ਕਾਰਨ ਪਹਿਰਾ ਰਹਿੰਦੇ ਅੱਠੇ ਪਹਿਰ। ਕੋਈ ਅਚੰਭੇ ਦੀ ਗੱਲ ਨਹੀ ਜੇ ਕੰਧਾਂ ਵਿੱਚ ਮਸ਼ੀਨਾਂ ਲਾਈਆਂ ਹੋਣ ਜਿਨ੍ਹਾਂ ਨਾਲ ਸਾਡੀ ਇਹ ਗੱਲਬਾਤ ਵੀ ਸਾਰੀ ਉਨ੍ਹਾਂ ਤੱਕ ਪਹੁੰਚ ਰਹੀ ਹੋਵੇ।''

(ii) ਮੈਨੂੰ ਕਿਸੇ ਦੇ ਕੰਨਾਂ ਦੀ ਪਰਵਾਹ ਨਹੀਂ। ਮੈਂ ਨਹੀ ਡਰਦੀ। ਤੁਸੀ ਡਰਦੇ ਹੋ, ਤੁਸੀ ਕਾਇਰ ਹੋ ਗਏ ਹੋ, ਤੁਹਾਡੇ ਵਿੱਚਲਾ ਖੂਨ ਪਤਾ ਨਹੀ ਕਿਓਂ ਚਿੱਟਾ ਹੋ ਗਿਆ ਹੈ। ਦਲੀਪ ਪੁੱਤਰ ਤੈਨੂੰ ਪਤਾ ਨਹੀ ਤੇਰੀ ਮਾਤਾ ਨਾਲ ਕੀ-ਕੀ- ਬੀਤੀਆਂ ਨੇ ਇਨ੍ਹਾਂ ਪੰਦਰਾਂ ਸਾਲਾਂ ਵਿੱਚ।''

(ਅ) ਨਾਟਕ 'ਮੁਇਆਂ ਸਾਰ ਨ ਕਾਈ' ਦਾ ਵਿਸ਼ਾ-ਵਸਤੂ ਵਿਸਥਾਰ ਸਹਿਤ ਲਿਖੋ ?

ਜਾਂ

ਨਾਟਕ 'ਮੁਇਆਂ ਸਾਰ ਨ ਕਾਈ' ਦਾ ਨਾਇਕ ਕਿਸ ਨੂੰ ਮੰਨਦੇ ਹੋ ? ਉਸ ਦਾ ਚਰਿੱਤਰ-ਚਿਤਰਣ ਕਰੋ। 10

3. ਹੇਠ ਲਿਖੇ ਸਵਾਲਾਂ ਵਿਚੋਂ ਪੰਜ ਦੇ ਸੰਖੇਪ ਜਵਾਬ ਲਿਖੋ ? 2×5=10

(ੳ) ਬਾਬਾ ਫਰੀਦ ਜੀ ਦੇ ਬਿਰਹਾ ਬਾਰੇ ਕੀ ਵਿਚਾਰ ਹਨ ?

(ਅ) 'ਕਵਣ ਸਰਾਫ਼ ਬੁਲਾਵਾ' ਸ਼ਬਦ ਅਨੁਸਾਰ ਪਰਮਾਤਮਾ ਕਿੱਥੇ ਵਸਦਾ ਹੈ ?

(ੲ) ਇੰਦਰ ਦੁਰਗਾ ਦੀ ਸ਼ਰਨ ਵਿੱਚ ਕਿਉਂ ਆਇਆ ?

(ਸ) ਮੱਕੇ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਕਾਜ਼ੀਆਂ-ਮੁਲਾਣਿਆਂ ਵਿਚਕਾਰ ਕੀ ਗੱਲਬਾਤ ਹੋਈ ?

(ਹ) 'ਮੁਇਆਂ ਸਾਰ ਨ ਕਾਈ' ਨਾਟਕ ਕਿਸ ਦੀ ਰਚਨਾ ਹੈ ਅਤੇ ਇਸ ਦੇ ਕਿੰਨੇ ਅੰਕ ਹਨ ?

(ਕ) ਮਹਾਰਾਜਾ ਦਲੀਪ ਸਿੰਘ ਦਾ ਪੰਜਾਬ ਨਾਲ ਮੋਹ ਕਿਓਂ ਨਹੀਂ ਸੀ ਰਿਹਾ ?

(ਖ) ਮਹਾਰਾਜਾ ਦਲੀਪ ਸਿੰਘ ਦੀ ਚਿੱਠੀ ਆਉਣ 'ਤੇ ਪੰਜਾਬ ਦੇ ਸਰਦਾਰਾਂ ਦਾ ਕੀ ਪ੍ਰਤੀਕਰਮ ਸੀ ?

(ਗ) ਮਹਾਰਾਜਾ ਦਲੀਪ ਸਿੰਘ ਅਤੇ ਰਾਣੀ ਜਿੰਦਾਂ ਦੀ ਮੁਲਾਕਾਤ ਦਾ ਹਾਲ ਲਿਖੋ।

4. ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਤ ਹੇਠ ਲਿਖੇ ਸਵਾਲਾਂ ਵਿੱਚੋਂ ਚਾਰ ਦੇ ਜਵਾਬ (ਲੱਗਭੱਗ 50 ਸ਼ਬਦਾਂ ਵਿੱਚ) ਲਿਖੋ। 5×4=20

(ੳ) ਗੁਰੂ ਨਾਨਕ ਕਾਲ ਦੀ ਵਾਰਤਕ ਨਾਲ ਸੰਖੇਪ ਜਾਣ-ਪਛਾਣ ਕਰਾਓ।

(ਅ) ਗੁਰੂ ਨਾਨਕ ਕਾਲ ਦੀਆਂ ਵਾਰਾਂ ਬਾਰੇ ਜਾਣਕਾਰੀ ਦਿਓ।

(ੲ) ਗੁਰੂ ਨਾਨਕ ਦੇਵ ਜੀ ਨੇ ਕਿਹੜੇ ਛੰਦਾਂ ਅਤੇ ਕਾਵਿ-ਰੂਪਾਂ ਦੀ ਵਰਤੋਂ ਕੀਤੀ ?

(ਸ) ਗੁਰੂ ਗ੍ਰੰਥ ਸਾਹਿਬ (ਆਦਿ ਗ੍ਰੰਥ) ਦੀ ਸੰਪਾਦਨਾਂ ਕਿਸ ਨੇ ਕੀਤੀ ਅਤੇ ਕਦੋਂ ?

(ਹ) ਭਾਈ ਗੁਰਦਾਸ ਜੀ ਦੀ ਰਚਨਾ ਬਾਰੇ ਦੱਸੋ ਅਤੇ ਲਿਖੋ ਕਿ ਉਨ੍ਹਾਂ ਦੀ ਰਚਨਾ ਨੂੰ 'ਬਾਣੀ ਦੀ ਕੁੰਜੀ' ਕਿਓਂ ਕਿਹਾ ਜਾਂਦਾ ਹੈ ?

(ਕ) ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ ਗੁਰੂ ਸਾਹਿਬਾਂ ਦੀ ਬਾਣੀ ਦਰਜ ਹੈ, ਉਨ੍ਹਾਂ ਦੇ ਨਾਂ ਲਿਖੋ।

5. ਭਾਰਤੀ ਕਾਵਿ ਸ਼ਾਸਤਰ ਦੇ ਰੀਤੀ ਜਾਂ ਔਚਿਤਯ ਸੰਪਰਦਾਇ ਬਾਰੇ ਲਿਖੋ ? 10

6. ਕਿਸੇ ਇੱਕ ਸਾਹਿਤ ਰੂਪ 'ਤੇ ਨੋਟ ਲਿਖੋ ? 10

(ੳ) ਜਨਮ ਸਾਖੀ

(ਅ) ਕਿੱਸਾ